(i) Printed Pages: 3 Roll No. ...............................

(ii) Questions : 6 **Sub. Code : 0 0 0 2**

**Exam. Code : 0 0 0 1**

**B.A./B.Sc. (General) 1st Semester**

**(1129)**

**PUNJABI (Compulsory)**

**Paper—(Same for B.A./B.Sc. (Gen.) & B.Sc. (Microbial & Food Technology, Fashion Designing & Shastri 1st Semester)**

**Time Allowed : Three Hours] [Maximum Marks : 45**

**ਨੋਟ :-** ਲਿਖਾਈ ਸਾਫ਼ ਅਤੇ ਸਪਸ਼ਟ ਹੋਵੇ। ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਢੁਕਵੇਂ ਹੋਣ। ਹਰ ਪ੍ਰਸ਼ਨ ਦੇ ਭਾਗ ਇੱਕਠੇ ਦਿੱਤੇ ਜਾਣ।

1. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ, ਪੈਰ ਧਰਨ ਦੇ ਮੈਨੂੰ ਰਕਾਬ ਉੱਤੇ।
ਸਾਡੇ ਦੇਸ਼ ਤੇ ਬਣੀ ਏ ਭੀੜ ਭਾਰੀ, ਟੁੱਟ ਪਏ ਨੇ ਵੈਰੀ ਪੰਜਾਬ ਉੱਤੇ।
ਰੋ ਰੋ ਕੇ ਨਾ ਪਾਣੀ ਫੇਰ ਐਵੇਂ, ਮੇਰੇ ਸੁਹਣੇ ਪੰਜਾਬ ਦੀ ਆਬ ਉੱਤੇ।
ਸਰੂ ਵਰਗੀ ਜਵਾਨੀ ਮੈਂ ਫੂਕਣੀ ਏ, ਬਹਿ ਗਏ ਭੂੰਡ ਜੇ ਆ ਕੇ ਗੁਲਾਬ ਉੱਤੇ।

(ਅ) ਹਰ ਮੋੜ ਤੇ ਸਲੀਬਾਂ ਹਰ ਪੈਰ ਤੇ ਹਨੇਰਾ,
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।
ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।
ਕਿੰਨਾ ਕੁ ਦੇਰ ਆਖਰ ਧਰਤੀ ਹਨੇਰ ਜਰਦੀ,
ਕਿੰਨਾ ਕੁ ਦੇਰ ਰਹਿੰਦਾ ਖ਼ਾਮੋਸ਼ ਖੂਨ ਮੇਰਾ ? 5

2. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਦਾ ਸਾਰ ਅਤੇ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ :

(i) ਜਵਾਨ ਪੰਜਾਬ ਦੇ

(ii) ਜ਼ਖ਼ਮ। 5+5=10

3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਦਿਉ :

(i) ਗੁਲਾਬ ਦਾ ਫੁੱਲ ਤੋੜਨ ਵਾਲੇ ਅੱਗੇ ਕੀ ਤਰਲਾ ਕਰਦਾ ਹੈ ?

(ii) ਵਿਸਾਖੀ ਦੇ ਮੇਲੇ ਵਿਚ ਦਿਲ-ਪਰਚਾਵੇ ਦੇ ਕਿਹੜੇ-ਕਿਹੜੇ ਸਾਧਨ ਹੁੰਦੇ ਹਨ ?

(iii) 'ਜਵਾਨ ਪੰਜਾਬ ਦੇ' ਕਵਿਤਾ ਵਿਚ ਪੰਜਾਬ ਦੇ ਕਿਹੜੇ-ਕਿਹੜੇ ਦਰਿਆਵਾਂ ਦਾ ਜ਼ਿਕਰ ਆਇਆ ਹੈ ?

(iv) ਕਵੀ ਅਨੁਸਾਰ ਇਸ ਤਰੱਕੀ ਦੇ ਯੁਗ ਵਿਚ ਕਿਹੜੀ-ਕਿਹੜੀ ਚੀਜ਼ ਉਸੇ ਤਰ੍ਹਾਂ ਹੈ ?

(v) 'ਜ਼ਖ਼ਮ' ਕਵਿਤਾ ਕਿਸ ਹਮਲੇ ਨਾਲ ਸੰਬੰਧਿਤ ਹੈ ?

(vi) ਕਾਵਿ-ਸੁਮੇਲ ਪੁਸਤਕ ਵਿਚ ਭਾਈ ਵੀਰ ਸਿੰਘ ਰਚਿਤ ਕਵਿਤਾਵਾਂ ਦੇ ਨਾਂ ਲਿਖੋ।

(vii) 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਗ਼ਜ਼ਲ ਕਿਸ ਦੀ ਲਿਖੀ ਹੋਈ ਹੈ ?

(viii) ਪਿਆਰਾ ਕਵਿਤਾ ਵਿਚਲਾ ਪਿਆਰਾ ਕਿਹੋ ਜਿਹਾ ਵਿਦਿਆਰਥੀ ਸੀ ?

5×1=5

4. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਵਿਸ਼ੇ ਉੱਪਰ **500** ਸ਼ਬਦਾਂ ਦਾ ਲੇਖ ਲਿਖੋ :

(i) ਇਸਤਰੀਆਂ ਵਿਚ ਅਸੁਰੱਖਿਆ ਦੀ ਭਾਵਨਾ

(ii) ਮੋਬਾਈਲ ਫੋਨ ਵਿਚ ਰੁੱਝਿਆ ਮਨੁੱਖ

(iii) ਵਿਦਿਆਰਥੀ ਅਤੇ ਫੈਸ਼ਨ

(iv) ਕੰਪਿਊਟਰ ਦਾ ਯੁੱਗ। 10

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਦਿਓ :

ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿਚ ਵੱਸਦੇ ਲੋਕਾਂ ਦੀ ਜੀਵਨ-ਜਾਚ ਪਿਛਲੇ ਦੋ-ਤਿੰਨ ਦਹਾਕਿਆਂ ਵਿਚ ਬਹੁਤ ਤੇਜ਼ੀ ਨਾਲ ਬਦਲੀ ਹੈ। ਵਿਸ਼ਵੀਕਰਨ ਨੇ ਵਿਸ਼ਵ ਦੇ ਸਾਰੇ ਖਿੱਤਿਆਂ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਵੀ ਕੀਤੀ ਹੈ। ਇਸ ਪ੍ਰਕਿਰਿਆ ਵਿਚ ਸੂਚਨਾ ਤਕਨਾਲੋਜੀ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸੂਚਨਾ ਤਕਨਾਲੋਜੀ ਦੇ ਵਿਕਾਸ ਨਾਲ ਅਨੇਕਾਂ ਪ੍ਰਕਾਰ ਦੇ ਯੰਤਰ ਵਿਕਸਿਤ ਹੋਣ ਨਾਲ ਦੁਨੀਆਂ ਭਰ ਦੇ ਲੋਕ ਇਕ ਦੂਸਰੇ ਦੇ ਬਹੁਤ ਨੇੜੇ ਆਏ ਹਨ। ਸੂਚਨਾਵਾਂ ਦੇ ਆਦਾਨ-ਪ੍ਰਦਾਨ ਵਿਚ ਤੇਜ਼ੀ ਦਾ ਇਕ ਪ੍ਰਮੁੱਖ ਕਾਰਨ ਇੰਟਰਨੈੱਟ ਪ੍ਰਣਾਲੀ ਵੀ ਮੰਨਿਆ ਜਾ ਸਕਦਾ ਹੈ। ਇੰਟਰਨੈੱਟ ਦੀ ਸੁਵਿਧਾ ਨੇ ਜਿੱਥੇ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਪੈਦਾ ਹੋਏ ਗਿਆਨ ਨੂੰ ਸਾਰਿਆਂ ਨਾਲ ਸਾਂਝਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ, ਉੱਥੇ ਵੱਖ-ਵੱਖ ਸਭਿਆਚਾਰਾਂ ਦਾ ਮੁਹਾਂਦਰਾ ਵੀ ਬਦਲਿਆ ਹੈ। ਅਜਿਹੇ ਬਦਲਾਵ ਦੀ ਪ੍ਰਕਿਰਿਆ ਵਿਚ ਬਹੁਤ ਸਾਰੀਆਂ ਪਰੰਪਰਕ ਰਵਾਇਤਾਂ ਟੁੱਟੀਆਂ ਹਨ ਅਤੇ ਨਵੀਂ ਤਰ੍ਹਾਂ ਦੀਆਂ ਮਿੱਥਾਂ ਵੀ ਪੈਦਾ ਹੋਈਆਂ ਹਨ। 5

6. (ੳ) ਵਾਕ ਕਿਸ ਨੂੰ ਕਹਿੰਦੇ ਹਨ ? ਬਣਤਰ ਦੇ ਆਧਾਰ 'ਤੇ ਵਾਕਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ।

**ਜਾਂ**

ਪੰਜਾਬੀ ਧੁਨੀ ਪ੍ਰਬੰਧ ਬਾਰੇ ਜਾਣਕਾਰੀ ਦਿਉ। 6

(ਅ) ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ ਦਿਉ :

(i) ਵਰਣਮਾਲਾ ਕਿਸ ਨੂੰ ਆਖਦੇ ਹਨ ?

(ii) ਪੰਜਾਬੀ ਵਿਚ ਕਿਹੜੇ-ਕਿਹੜੇ ਵਿਅੰਜਨ ਨਾਸਕੀ ਹੁੰਦੇ ਹਨ ?

(iii) ਇਕ ਸੰਯੁਕਤ ਵਾਕ ਦੀ ਉਦਾਹਰਣ ਦਿਓ।

(iv) ਹੇਠ ਲਿਖੇ ਵਾਕ ਦਾ ਉਦੇਸ਼ ਤੇ ਵਿਧੇਅ ਵੱਖ-ਵੱਖ ਕਰੋ :

ਉਹ ਵਿਚਾਰਾ ਭੁੱਖਾ ਹੀ ਮਰ ਗਿਆ। 2+2=4